# ਸਿੱਖ ਵਾਤਾਵਰਣ ਦਿਵਸ

### ਸ੍ਰੀ ਗੁਰੂ ਹਰਿ ਰਾਏ ਜੀ ਦੇ ਜੀਵਨ ਨੂੰ ਸਮਰਪਿਤ ਵਾਤਾਵਰਣ ਲਹਿਰ

EcoSikh
SHAPING A SUSTAINABLE FUTURE

ਸਿੱਖ ਵਾਤਾਵਰਣ ਦਿਵਸ ਸ਼੍ਰੀ ਗੁਰੁ ਹਰਿ ਰਾਏ ਸਾਹਿਬ ਜੀ ਦੇ ਪ੍ਰਕਿਰਤੀ ਪ੍ਰੇਮ ਨੂੰ ਸਮਰਪਿਤ ਜੀਵਨ ਤੋਂ ਪ੍ਰੇਰਿਤ ਇੱਕ ਅੰਤਰ-ਰਾਸ਼ਟਰੀ ਲਹਿਰ ਹੈ। ਸੱਤਵੇਂ ਪਾਤਸ਼ਾਹ ਦਾ ਜਨਮ ਕੀਰਤਪੁਰ ਸ਼ਹਿਰ ਵਿਖੇ ਹੋਇਆ ਅਤੇ ਇੱਥੇ ਹੀ ਆਪਜੀ ਨੂੰ ਛੇਵੀਂ ਪਾਤਸ਼ਾਹੀ ਪਾਸੋਂ ਫੁੱਲਾਂ ਅਤੇ ਵਨ ਜੀਵਨ ਦੀ ਕਦਰ-ਪਿਆਰ ਅਤੇ ਸੰਭਾਲ ਦੀ ਸਿੱਖਿਆ ਮਿਲੀ, ਆਪਜੀ ਨੇ ਉਸ ਜੀਵਨ-ਜਾਚ ਨੂੰ ਉਮਰ-ਭਰ "ਦਾਮਨ ਸੰਕੋਚ ਚਲੋ" ਦੇ ਰੂਪ ਵਿੱਚ ਦ੍ਰਿਸ਼ਟੀਮਾਨ ਕੀਤਾ। ਗੁਰੂ ਸਾਹਿਬ ਜੀ ਦਾ ਨੌ ਲੱਖਾ ਬਾਗ਼ ਅੱਜ ਵੀ ਉਹਨਾਂ ਦੇ ਜਨਮ ਅਸਥਾਨ ਗੁਰਦੁਆਰਾ ਸ਼ੀਸ਼ ਮਹਿਲ ਵਿਖੇ ਕੀਰਤਪੁਰ ਸਾਹਿਬ 'ਚ ਸੁਭਾਏਮਾਨ ਹੈ। ਕੀ ਹਿੰਦੂ, ਕੀ ਮੁਸਲਮਾਨ ਅਤੇ ਸਿੱਖ ਸਭ ਨੂੰ ਗੁਰੁ ਜੀ ਪਾਸੋਂ ਆਪਣੇ ਰੋਗਾਂ ਵਾਸਤੇ ਜੜੀਆਂ-ਬੂਟੀਆਂ ਅਤੇ ਅਯੁਰਵੈਦਿਕ ਦਵਾਈ ਮਿਲਦੀ ਸੀ। ਇਸੇ ਹੀ ਧਰਤੀ ਤੇ ਗੁਰੂ ਜੀ ਨੇ ਵਨ-ਜੀਵਨ; ਹਿਰਨ, ਘੋੜੇ, ਹਾਥੀ, ਬਾਰਾਸਿੰਘੇ, ਪੰਛੀਆਂ ਆਦਿ ਵੀ ਸੰਗਰਖਸ਼ਿਤ ਕੀਤੇ ਅਤੇ ਵਾਤਾਵਰਣ ਦੀ ਸੇਵਾ ਕੀਤੀ।



ਅੱਜ ਧਰਤੀ ਦੇ ਵੱਧ ਰਹੇ ਤਾਪਮਾਨ ਕਾਰਨ ਸਾਰੀ ਮਨੁੱਖਤਾ ਅਤੇ ਵਨ-ਜੀਵਨ ਪੀੜਿਤ ਹੈ; ਰੁੱਖਾਂ ਦੀ ਕਟਾਈ, ਪਾਣੀ ਦੀ ਘਾਟ ਆਦਿ ਆਉਣ ਵਾਲੇ ਸਮੇਂ ਦੇ ਵਿਸ਼ਵ-ਯੁੱਧਾਂ ਦੇ ਮੁੱਖ ਕਾਰਨ ਬਣ ਸਕਦੇ ਹਨ। ਇਸੇ ਹੀ ਮੁਸੀਬਤ ਦੇ ਹੱਲ ਦੇ ਰੂਪ ਵਿੱਚ ਸੰਨ 2011 ਤੋਂ ਈਕੋਸਿੱਖ ਸੰਸਥਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ, ਸੰਯੁਕਤ ਰਾਸ਼ਟਰ (UNO) ਅਤੇ ਪ੍ਰਮੁੱਖ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਸਹਿਯੋਗ ਨਾਲ ਹਰ ਸਾਲ 14 ਮਾਰਚ ਨੂੰ, ਸ਼੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਜੀਵਨ ਨੂੰ ਸਮਰਪਿਤ ਸਿੱਖ ਵਾਤਾਵਰਣ ਦਿਵਸ ਵਜੋਂ ਮਨਾਉਣਾ ਸ਼ੁਰੂ ਕੀਤਾ। ਜਿਸ ਵਿੱਚ ਸਿੱਖ ਜਥੇਬੰਦੀਆਂ ਵਲੋਂ ਵੱਡੇ ਪੱਧਰ ਤੇ ਬੂਟੇ ਲਾਉਣ-ਸੰਭਾਲ ਦੇ ਪ੍ਰੋਜੈਕਟ, ਪਾਣੀ ਊਰਜਾ ਦੀ ਬੱਚਤ, ਨਗਰ-ਕੀਰਤਨਾਂ ਅਤੇ ਤਿਓਹਾਰਾਂ ਆਦਿ ਨੂੰ ਕੂੜਾ ਰਹਿਤ ਕਰਨ ਦੇ ਅਹਿਮ ਮੁੱਦਿਆਂ ਤੇ ਕੰਮ ਸ਼ੁਰੂ ਹੋਇਆ।

ਪਿਛਲੇ ਛੇ ਸਾਲਾਂ ਵਿੱਚ ਪੰਜਾਂ ਤੱਖਤ ਸਾਹਿਬਾਨ ਦੇ ਸੱਦੇ ਤੇ ਸੰਸਾਰ ਭਰ ਵਿੱਚ 3500 ਤੋਂ ਵੱਧ ਧਾਰਮਿਕ ਅਸਥਾਨਾਂ ਅਤੇ ਸਕੂਲਾਂ-ਕਾਲਜਾਂ ਵਿੱਚ ਗੁਰੂ ਹਰਿ ਰਾਏ ਸਾਹਿਬ ਜੀ ਨੂੰ ਸਮਰਪਿਤ ਹੋਕੇ ਬੂਟੇ ਲਗਾਏ ਗਏ ਅਤੇ ਬੂਟਾ ਪਰਸ਼ਾਦ ਵੰਡਿਆ ਗਿਆ। ਦੁਨੀਆ ਭਰ ਦੇ ਗੁਰੂ ਨਾਨਕ ਨਾਮ ਲੇਵਾ ਸਿੱਖ ਗੁਰਦੁਆਰਿਆਂ ਵਿੱਚ ਵਾਤਾਵਰਣ ਤੇ ਅਧਾਰਿਤ ਸ਼ਬਦ-ਕੀਰਤਨ, ਕਥਾ, ਪਾਣੀ-ਊਰਜਾ ਸੰਬੰਧੀ ਸੈਮੀਨਾਰ, ਬੱਚਿਆਂ ਦੀਆਂ ਗਤੀ ਵਿਧੀਆਂ ਨੇ ਜ਼ੋਰ ਫੜਿਆ।

**14 ਮਾਰਚ, ਸ਼੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੀਆਂ ਖੁਸ਼ੀਆਂ ਲੈਣ ਲਈ:-**

- ਘਰਾਂ, ਗੁਰੂ-ਘਰਾਂ, ਦੁਕਾਨਾਂ, ਸਕੂਲਾਂ ਆਦਿ ਵਿੱਚ ਜਿੱਥੇ ਵੀ ਪਾਣੀ ਵਗਦਾ ਹੋਵੇ ਉਸਨੂੰ ਬੰਦ ਕਰੋ ਜਾਂ ਸੂਚਨਾ ਦਰਜ ਕਰਵਾਓ।
- ਬਿਜਲੀ, ਪਾਣੀ ਦੀ ਲੋੜ ਨੂੰ ਘੋਖੋ ਅਤੇ ਉਸਨੂੰ ਘਟਾਉਣ ਦਾ ਯਤਨ ਕਰੋ।
- ਘਰਾਂ, ਗੁਰੂ-ਘਰਾਂ, ਦੁਕਾਨਾਂ ਦੇ ਇਲਾਕੇ ਵਿੱਚ ਗੰਦਗੀ ਨਾ ਫੈਲਾਓ। ਹਮੇਸ਼ਾਂ ਕੂੜੇਦਾਨ ਦੀ ਵਰਤੋਂ ਕਰੋ।
- ਗੁਰਦੁਆਰੇ, ਗੁਰਪੁਰਬ ਅਤੇ ਨਗਰ ਕੀਰਤਨ ਸਾਡੇ ਆਪਣੇ ਹਨ, ਇਹਨਾਂ ਵਿੱਚ ਪਲਾਸਟਿਕ ਅਤੇ ਡਿਸਪੋਜ਼ੇਬਲ (ਥਰਮੋਕੋਲ) ਭਾਂਡਿਆਂ ਦੀ ਵਰਤੋਂ ਬੰਦ ਕਰੋ। ਬਜਾਏ ਇਹਦੇ ਪੱਤਲ ਕੁਦਰਤੀ ਹਨ, ਇਹਨਾ ਦੀ ਵਰਤੋਂ ਜਾਇਜ਼ ਹੈ।
- ਰੁੱਖ ਲਗਾਓ ਅਤੇ ਉਹਨਾਂ ਦੀ ਸੰਭਾਲ ਵੀ ਕਰੋ।
- ਕੁਦਰਤ ਨਾਲ ਸੰਬੰਧਿਤ ਕਥਾ ਕੀਰਤਨ, ਅਰਦਾਸ ਅਤੇ ਇਸ ਦੀ ਸਾਰ-ਸੰਭਾਲ ਲਈ ਘਾਲ ਕਰੋ।

ਆਪਣੇ ਨੇੜਲੇ ਗੁਰਦੁਆਰਾ ਸਾਹਿਬ 'ਚ ਸਿੱਖ ਵਾਤਾਵਰਣ ਦਿਵਸ ਮਨਾਉਣ ਲਈ ਜਾਣਕਾਰੀ ਲੈਣ ਲਈ ਦੇਖੋ:
http://www.ecosikh.org/programmes/sikh-environment-day/

ਦਾਸਰੇ,

EcoSikh, USA
Facebook: EcoSikh | Phone: 998-837-3268 | website: www.ecosikh.org | email: info@ecosikh.org

# ਸਿੱਖ ਵਾਤਾਵਰਣ ਦਿਵਸ

### ਸ਼੍ਰੀ ਗੁਰੂ ਹਰਿ ਰਾਏ ਜੀ ਦੇ ਜੀਵਨ ਨੂੰ ਸਮਰਪਿਤ ਵਾਤਾਵਰਣ ਲਹਿਰ

EcoSikh
SHAPING A SUSTAINABLE FUTURE

ਸਿੱਖ ਵਾਤਾਵਰਣ ਦਿਵਸ ਸ਼੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਪ੍ਰਕਿਰਤੀ ਪ੍ਰੇਮ ਨੂੰ ਸਮਰਪਿਤ ਜੀਵਨ ਤੋਂ ਪ੍ਰੇਰਿਤ ਇੱਕ ਅੰਤਰ-ਰਾਸ਼ਟਰੀ ਲਹਿਰ ਹੈ। ਸੱਤਵੇਂ ਪਾਤਸ਼ਾਹ ਦਾ ਜਨਮ ਕੀਰਤਪੁਰ ਸ਼ਹਿਰ ਵਿਖੇ ਹੋਇਆ ਅਤੇ ਇੱਥੇ ਹੀ ਆਪਜੀ ਨੂੰ ਛੇਵੀਂ ਪਾਤਸ਼ਾਹੀ ਪਾਸੋਂ ਫੁੱਲਾਂ ਅਤੇ ਵਨ ਜੀਵਨ ਦੀ ਕਦਰ-ਪਿਆਰ ਅਤੇ ਸੰਭਾਲ ਦੀ ਸਿੱਖਿਆ ਮਿਲੀ, ਆਪਜੀ ਨੇ ਉਸ ਜੀਵਨ-ਜਾਚ ਨੂੰ ਉਮਰ-ਭਰ "ਦਾਮਨ ਸੰਕੋਚ ਚਲੋ" ਦੇ ਰੂਪ ਵਿੱਚ ਦ੍ਰਿਸ਼ਟੀਮਾਨ ਕੀਤਾ। ਗੁਰੂ ਸਾਹਿਬ ਜੀ ਦਾ ਨੌ ਲੱਖਾ ਬਾਗ਼ ਅੱਜ ਵੀ ਉਹਨਾਂ ਦੇ ਜਨਮ ਅਸਥਾਨ ਗੁਰਦੁਆਰਾ ਸ਼ੀਸ਼ ਮਹਿਲ ਵਿਖੇ ਕੀਰਤਪੁਰ ਸਾਹਿਬ 'ਚ ਸੁਭਾਇਮਾਨ ਹੈ। ਕੀ ਹਿੰਦੂ, ਕੀ ਮੁਸਲਮਾਨ ਅਤੇ ਸਿੱਖ ਸਭ ਨੂੰ ਗੁਰੂ ਜੀ ਪਾਸੋਂ ਆਪਣੇ ਰੋਗਾਂ ਵਾਸਤੇ ਜੜੀਆਂ-ਬੂਟੀਆਂ ਅਤੇ ਅਯੁਰਵੈਦਿਕ ਦਵਾਈ ਮਿਲਦੀ ਸੀ। ਇਸੇ ਹੀ ਧਰਤੀ ਤੇ ਗੁਰੂ ਜੀ ਨੇ ਵਨ-ਜੀਵਨ; ਹਿਰਨ, ਘੋੜੇ, ਹਾਥੀ, ਬਾਰਾਸਿੰਘੇ, ਪੰਛੀਆਂ ਆਦਿ ਵੀ ਸੰਗਰਖਸ਼ਿਤ ਕੀਤੇ ਅਤੇ ਵਾਤਾਵਰਣ ਦੀ ਸੇਵਾ ਕੀਤੀ।



ਅੱਜ ਧਰਤੀ ਦੇ ਵੱਧ ਰਹੇ ਤਾਪਮਾਨ ਕਾਰਨ ਸਾਰੀ ਮਨੁੱਖਤਾ ਅਤੇ ਵਨ-ਜੀਵਨ ਪੀੜਿਤ ਹੈ; ਰੁੱਖਾਂ ਦੀ ਕਟਾਈ, ਪਾਣੀ ਦੀ ਘਾਟ ਆਦਿ ਆਉਣ ਵਾਲੇ ਸਮੇਂ ਦੇ ਵਿਸ਼ਵ-ਯੁੱਧਾਂ ਦੇ ਮੁੱਖ ਕਾਰਨ ਬਣ ਸਕਦੇ ਹਨ। ਇਸੇ ਹੀ ਮੁਸੀਬਤ ਦੇ ਹੱਲ ਦੇ ਰੂਪ ਵਿੱਚ ਸੰਨ 2011 ਤੋਂ ਈਕੋਸਿੱਖ ਸੰਸਥਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ, ਸੰਯੁਕਤ ਰਾਸ਼ਟਰ (UNO) ਅਤੇ ਪ੍ਰਮੁੱਖ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਸਹਿਯੋਗ ਨਾਲ ਹਰ ਸਾਲ 14 ਮਾਰਚ ਨੂੰ, ਸ਼੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਜੀਵਨ ਨੂੰ ਸਮਰਪਿਤ ਸਿੱਖ ਵਾਤਾਵਰਣ ਦਿਵਸ ਵਜੋਂ ਮਨਾਉਣਾ ਸ਼ੁਰੂ ਕੀਤਾ। ਜਿਸ ਵਿੱਚ ਸਿੱਖ ਜਥੇਬੰਦੀਆਂ ਵਲੋਂ ਵੱਡੇ ਪੱਧਰ ਤੇ ਬੂਟੇ ਲਾਉਣ-ਸੰਭਾਲ ਦੇ ਪ੍ਰੋਜੈਕਟ, ਪਾਣੀ ਉਰਜਾ ਦੀ ਬੱਚਤ, ਨਗਰ-ਕੀਰਤਨਾਂ ਅਤੇ ਤਿਓਹਾਰਾਂ ਆਦਿ ਨੂੰ ਕੂੜਾ ਰਹਿਤ ਕਰਨ ਦੇ ਅਹਿਮ ਮੁੱਦਿਆਂ ਤੇ ਕੰਮ ਸ਼ੁਰੂ ਹੋਇਆ।

ਪਿਛਲੇ ਛੇ ਸਾਲਾਂ ਵਿੱਚ ਪੰਜਾਂ ਤੱਖਤ ਸਾਹਿਬਾਨ ਦੇ ਸੱਦੇ ਤੇ ਸੰਸਾਰ ਭਰ ਵਿੱਚ 3500 ਤੋਂ ਵੱਧ ਧਾਰਮਿਕ ਅਸਥਾਨਾਂ ਅਤੇ ਸਕੂਲਾਂ-ਕਾਲਜਾਂ ਵਿੱਚ ਗੁਰੂ ਹਰਿ ਰਾਏ ਸਾਹਿਬ ਜੀ ਨੂੰ ਸਮਰਪਿਤ ਹੋਕੇ ਬੂਟੇ ਲਗਾਏ ਗਏ ਅਤੇ ਬੂਟਾ ਪਰਸ਼ਾਦ ਵੰਡਿਆ ਗਿਆ। ਦੁਨੀਆ ਭਰ ਦੇ ਗੁਰੂ ਨਾਨਕ ਨਾਮ ਲੇਵਾ ਸਿੱਖ ਗੁਰਦੁਆਰਿਆਂ ਵਿੱਚ ਵਾਤਾਵਰਣ ਤੇ ਅਧਾਰਿਤ ਸ਼ਬਦ-ਕੀਰਤਨ, ਕਥਾ, ਪਾਣੀ-ਉਰਜਾ ਸੰਬੰਧੀ ਸੈਮੀਨਾਰ, ਬੱਚਿਆਂ ਦੀਆਂ ਗਤੀ ਵਿਧੀਆਂ ਨੇ ਜ਼ੋਰ ਫੜਿਆ।

**14 ਮਾਰਚ, ਸ਼੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੀਆਂ ਖੁਸ਼ੀਆਂ ਲੈਣ ਲਈ:-**

- ਘਰਾਂ, ਗੁਰੂ-ਘਰਾਂ, ਦੁਕਾਨਾਂ, ਸਕੂਲਾਂ ਆਦਿ ਵਿੱਚ ਜਿੱਥੇ ਵੀ ਪਾਣੀ ਵਗਦਾ ਹੋਵੇ ਉਸਨੂੰ ਬੰਦ ਕਰੋ ਜਾਂ ਸੂਚਨਾ ਦਰਜ ਕਰਵਾਓ।
- ਬਿਜਲੀ, ਪਾਣੀ ਦੀ ਲੋੜ ਨੂੰ ਘੋਖੋ ਅਤੇ ਉਸਨੂੰ ਘਟਾਉਣ ਦਾ ਯਤਨ ਕਰੋ।
- ਘਰਾਂ, ਗੁਰੂ-ਘਰਾਂ, ਦੁਕਾਨਾਂ ਦੇ ਇਲਾਕੇ ਵਿੱਚ ਗੰਦਗੀ ਨਾ ਫੈਲਾਓ। ਹਮੇਸ਼ਾਂ ਕੂੜੇਦਾਨ ਦੀ ਵਰਤੋਂ ਕਰੋ।
- ਗੁਰਦੁਆਰੇ, ਗੁਰਪੁਰਬ ਅਤੇ ਨਗਰ ਕੀਰਤਨ ਸਾਡੇ ਆਪਣੇ ਹਨ, ਇਹਨਾਂ ਵਿੱਚ ਪਲਾਸਟਿਕ ਅਤੇ ਡਿਸਪੋਜ਼ੇਬਲ (ਥਰਮੋਕੋਲ) ਭਾਂਡਿਆਂ ਦੀ ਵਰਤੋਂ ਬੰਦ ਕਰੋ। ਬਜਾਏ ਇਹਦੇ ਪੱਤਲ ਕੁਦਰਤੀ ਹਨ, ਇਹਨਾ ਦੀ ਵਰਤੋਂ ਜਾਇਜ਼ ਹੈ।
- ਰੁੱਖ ਲਗਾਓ ਅਤੇ ਉਹਨਾਂ ਦੀ ਸੰਭਾਲ ਵੀ ਕਰੋ।
- ਕੁਦਰਤ ਨਾਲ ਸੰਬੰਧਿਤ ਕਥਾ ਕੀਰਤਨ, ਅਰਦਾਸ ਅਤੇ ਇਸ ਦੀ ਸਾਰ-ਸੰਭਾਲ ਲਈ ਘਾਲ ਕਰੋ।

ਆਪਣੇ ਨੇੜਲੇ ਗੁਰਦੁਆਰਾ ਸਾਹਿਬ 'ਚ ਸਿੱਖ ਵਾਤਾਵਰਣ ਦਿਵਸ ਮਨਾਉਣ ਲਈ ਜਾਣਕਾਰੀ ਲੈਣ ਲਈ ਦੇਖੋ:
http://www.ecosikh.org/programmes/sikh-environment-day/

ਦਾਸਰੇ,
EcoSikh, USA
Facebook: EcoSikh | Phone: 998-837-3268 | website: www.ecosikh.org | email: info@ecosikh.org